## ਸ਼੍ਰੇਣੀ – ਦਸਵੀਂ

## 9. ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ

## (ਥਿਊਰੀ)

**ਸਮਾਂ:3 ਘੰਟੇ**

**ਲਿਖਤੀ (ਜਿਉਮੈਟਰੀ+ਸਕੇਲ): 40 ਅੰਕ**
**ਚਿੱਤਰਕਲਾ (ਪ੍ਰਯੋਗੀ): 40 ਅੰਕ**
**ਆਂਤਰਿਕ ਮੁਲਾਂਕਣ: 20 ਅੰਕ**
**ਕੁੱਲ: 100 ਅੰਕ**

ਪ੍ਰਸ਼ਨ ਨੰ: 1 ਤੋਂ 4 ਤੱਕ ਹਰ ਪ੍ਰਸ਼ਨ ਦੇ 5-5 ਅੰਕ ਹੋਣਗੇ। ਪੰਜਵਾਂ ਪ੍ਰਸ਼ਨ ਸਕੇਲ ਦਾ 20 ਅੰਕਾਂ ਦਾ ਹੋਵੇਗਾ। ਇਹ ਪ੍ਰਸ਼ਨ ਜ਼ਰੂਰੀ ਕਰਨਾ ਹੋਵੇਗਾ।

| | | | |
|---|---|---|---|
| 1 | ਰੇਖਾਵਾਂ ਦੀ ਅਨੁਪਾਤਕ ਵੰਡ ਅਤੇ ਕਰਣਵਤ ਪੈਮਾਨੇ। | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। | ਅੰਕ: 5 |
| 2 | ਸਮਰੂਪੀ ਅਕਾਰ | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। | ਅੰਕ: 5 |
| 3 | ਬਾਹਰੀ ਅਤੇ ਅੰਤਰੀ ਅਕਾਰ | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। | ਅੰਕ: 5 |
| 4 | ਠੋਸ ਜਾਂ ਠਿੱਗਰ ਜਿਉਮੈਟਰੀ (ਘਣ, ਬੇਲਨ, ਸੰਕੂ, ਗੋਲਾ, ਚੌ ਮੁੱਖਾ, ਘਣਖੇਤਰ, ਮਿਨਾਰ) | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। | ਅੰਕ: 5 |

### ਸਕੇਲ/ਮਕੈਨੀਕਲ ਡਰਾਇੰਗ (ਜ਼ਰੂਰੀ) (Scale/Mechanical Drawing)

1. ਹੇਠ ਲਿਖਿਆਂ ਦਾ ਮੱਥਾ (ELEVATION), ਪਾਸਾ(SIDE) ਅਤੇ ਤਲ (PLAN) ਬਣਾਓ।

i. ਮੇਜ਼ ਦਾ ਦਰਾਜ   ii. ਸਟੂਡੈਂਟ ਮੇਜ਼   iii. ਫਾਇਲ ਰੈਕ
iv. ਬਾਥਰੂਮ ਟੇਬਲ   v. ਟੀ ਪੌਟ ਸਟੈਂਡ (ਘੜੌਂਜੀ)   vi. ਸਪਾਈਸ ਬੋਤਲ ਰੈਕ
vii. ਡਰਾਇੰਗ ਟੇਬਲ   viii. ਪਟਵਾਰੀ ਜਾਂ ਕਲਰਕ ਡੈਸਕ   ix. ਬਲਾਕ
x. ਡਿਸਪਲੇ ਸਟੈਂਡ   xi. ਪੈਡਸਟਲ ਬੀਅਰਿੰਗ   xii. ਲਿਫਟਿੰਗ ਆਈ ਬਰੈਕਟ

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਅੰਕ ਦੀ ਵੰਡ:-**

| | |
|---|---|
| ਮੱਥਾ (ELEVATION) | = 5 ਅੰਕ |
| ਪਾਸਾ (SIDE) | = 4 ਅੰਕ |
| ਤਲ (PLAN) | = 5 ਅੰਕ |
| ਪੈਮਾਨਾ (SCALE) | = 2 ਅੰਕ |
| ਲਿਖਾਈ (WRITING) | = 2 ਅੰਕ |
| ਕਾਗਜ ਦੀ ਵੰਡ (DIVISION) | = 2 ਅੰਕ |
| **ਕੁੱਲ ਜੋੜ** | **= 20 ਅੰਕ** |

13-3-23

Sarbjit Sin 13/3/23

**SYLLABUS (ਪਾਠ-ਕ੍ਰਮ)**

**ਚਿੱਤਰਕਲਾ (ਭਾਗ-2)**

**ਸਮਾਂ:4 ਘੰਟੇ** **ਅੰਕ: 40**

ਨੋਟ:- ਇਸ ਪੇਪਰ ਵਿੱਚ ਕੁੱਲ 5 ਪ੍ਰਸ਼ਨ ਸੈੱਟ ਕੀਤੇ ਜਾਣਗੇ।

(ੳ) ਵਸਤੂ ਚਿੱਤਰਨ (ਮਾਡਲ ਡਰਾਇੰਗ) ਦਾ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ ਅਤੇ ਇਸਦੇ 20 ਅੰਕ ਹੋਣਗੇ।

(ਅ) ਭਾਗ ਦੇ 4 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨ ਹੱਲ ਕਰਨੇ ਹੋਣਗੇ ਅਤੇ ਇਹਨਾਂ ਦੇ 10-10 ਅੰਕ ਹੋਣਗੇ।

**(ੳ) ਵਸਤੂ ਚਿੱਤਰਨ (STILL LIFE) (ਜ਼ਰੂਰੀ)** **ਅੰਕ: 20**

ਸਾਦਾ ਵਸਤੂਆਂ ਦਾ ਚਿੱਤਰਨ ਜੋ ਸਾਹਮਣੇ ਮਾਡਲ ਦੇ ਰੂਪ ਵਿੱਚ ਸੈੱਟ ਕੀਤੀਆਂ ਹੋਈਆਂ ਹੋਣ ਅਤੇ ਤਿੰਨ ਤੋਂ ਵੱਧ ਵਸਤੂਆਂ ਨਾ ਹੋਣ। ਸੈੱਟ ਕੀਤੇ ਮਾਡਲ ਦੇ ਹੇਠਾਂ ਅਇਤਾਕਾਰ ਜਾਂ ਵਰਗਾਕਾਰ ਵਸਤੂ ਹੋਵੇ ਇਸ ਦੇ ਉੱਤੇ ਦੋ ਗੋਲ ਵਸਤੂਆਂ ਰੱਖਕੇ ਚਿੱਤਰਿਆ ਜਾਵੇ। ਉਦਾਹਰਣ ਵਜੋਂ ਕਿਤਾਬ ਉੱਤੇ ਸੇਬ ਅਤੇ ਗਲਾਸ, ਬਰੁਕ ਬਾਂਡ ਚਾਹ ਦੇ ਵਰਗਾਕਾਰ ਡੱਬੇ ਉੱਤੇ ਕੱਪ ਅਤੇ ਪਾਊਡਰ ਦਾ ਡੱਬਾ ਅਤੇ ਬੂਟਾਂ ਦੇ ਡੱਬੇ ਉੱਤੇ ਖਰਬੂਜਾ ਅਤੇ ਥਰਮਸ ਆਦਿ।

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਮਾਧਿਅਮ: ਪੇਸਟਲ, ਰੰਗਦਾਰ ਪੈਨਸਿਲਾਂ, ਕਾਲੀ ਪੈਂਨਸਿਲ।**

**ਨੋਟ: ਉਪਰੋਕਤ ਰੰਗਾਂ ਨਾਲ ਹਲਕੀ ਅਤੇ ਗੂੜ੍ਹੀ ਛਾਇਆ ਅਤੇ ਪਰਛਾਇਆ ਦਿਖਾਈ ਜਾਵੇ।**

**(ਅ)1. ਸਕੈਚਿੰਗ ਅਤੇ ਬਣਾਵਟ** **ਅੰਕ: 10**

ਕਲਪਨਾਮਈ ਫਰੀਹੈਂਡ ਆਪਾ ਪ੍ਰਗਟ ਕਰਦੇ ਚਿੱਤਰ ਬਣਾਓ। ਜਿਵੇਂ: ਪਸ਼ੂ, ਪੰਛੀ, ਜਾਨਵਰ ਅਤੇ ਆਮ ਜੀਵਨ ਨਾਲ ਸਬੰਧਤ ਘਟਨਾਵਾਂ ਦੇ ਚਿੱਤਰ।

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਮਾਧਿਅਮ: ਪੈਨਸਿਲ, ਪੇਸਟਲ, ਪਾਣੀ ਵਾਲੇ ਰੰਗ।**

**2. ਧਰਤੀ ਦ੍ਰਿਸ਼ ਚਿੱਤਰਨ** **ਅੰਕ: 10**

ਕਲਪਨਾ ਤੇ ਯਾਦ ਸ਼ਕਤੀ ਦੁਆਰਾ ਧਰਤੀ ਦ੍ਰਿਸ਼ ਚਿੱਤਰਨ ਕਰਨਾ ਜਿਵੇਂ ਵੱਖ-ਵੱਖ ਤਰ੍ਹਾਂ ਦੇ ਦਰਖਤ, ਝੌਂਪੜੀ, ਪਹਾੜੀ ਮਕਾਨ, ਝੀਲ, ਦਰਿਆ, ਪਹਾੜ, ਪਿੰਡ, ਮਨੁੱਖ, ਬੱਦਲ ਅਤੇ ਜਾਨਵਰ ਆਦਿ ਚਿੱਤਰੇ ਜਾਣ।

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਮਾਧਿਅਮ: ਪੈਨਸਿਲ, ਪੇਸਟਲ ਅਤੇ ਪਾਣੀ ਵਾਲੇ ਰੰਗ।**

**3. ਡਿਜ਼ਾਈਨ** **ਅੰਕ: 10**

ਜਿਉਮੈਟਰੀਕਲ ਅਕਾਰ ਜਿਵੇਂ ਵਰਗ, ਤਿਕੋਣ, ਆਇਤ, ਚੱਕਰ, ਅੱਧ ਚੱਕਰ ਵਿੱਚ ਫੁੱਲ੍ਹਾਂ, ਪੱਤਿਆਂ, ਟਾਹਣੀਆਂ ਅਤੇ ਡੋਡੀਆਂ ਦੇ ਨਮੂਨੇ ਬਣਾਏ ਜਾਣ।

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਮਾਧਿਅਮ: ਪੋਸਟਰ ਰੰਗ।**

**4. ਪੋਸਟਰ ਅਤੇ ਲੇ-ਆਊਟ** **ਅੰਕ: 10**

I. **ਪੋਸਟਰ ਡਿਜ਼ਾਇਨਿੰਗ:-** ਨਿੱਜੀ ਜੀਵਨ, ਸਿਹਤ, ਖੇਡਾਂ, ਪੜ੍ਹਾਈ ਵਾਤਾਵਾਰਣ ਅਤੇ ਪੰਜਾਬੀ ਸੱਭਿਆਚਾਰ ਤੇ ਅਧਾਰਤ ਪੋਸਟਰ ਤਿਆਰ ਕਰਨੇ।

II. **ਲੇ-ਆਊਟ:-** ਬੱਚਿਆਂ ਦੀਆਂ ਪੁਸਤਕਾਂ ਅਤੇ ਮਾਸਿਕ ਪੱਤਰਾਂ (ਰਸਾਲਿਆਂ) ਦੇ ਕਵਰ ਚਿੱਤਰ ਤਿਆਰ ਕਰਨੇ।

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਮਾਧਿਅਮ: ਪੋਸਟਰ ਕਲਰ।**

14.3.23 13/3/23